# ਇਮੀਗ੍ਰੇਸ਼ਨ ਨਾਲ ਸਬੰਧਤ ਧਮਕੀਆਂ

ਕੈਲੀਫੋਰਨੀਆ ਵਿੱਚ, **ਸਾਰੇ** ਕਾਮਿਆਂ ਨੂੰ ਉਨ੍ਹਾਂ ਦੇ ਇਮੀਗ੍ਰੇਸ਼ਨ ਸਟੇਟਸ ਦੀ ਪਰਵਾਹ ਕੀਤੇ ਬਿਨ੍ਹਾਂ ਕਿਰਤ ਕਾਨੂੰਨਾਂ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ।

ਕਿਸੇ ਮਾਲਕ ਲਈ ਕਿਸੇ ਕਰਮਚਾਰੀ ਦੇ ਹੱਕਾਂ ਦੀ ਵਰਤੋਂ ਕਰਨ ਦੇ ਬਦਲੇ ਵਿੱਚ ਇਮੀਗ੍ਰੇਸ਼ਨ-ਸਬੰਧਤ ਧਮਕੀਆਂ ਦੇ ਕੇ ਜਾਂ ਅਣਉਚਿਤ ਇਮੀਗ੍ਰੇਸ਼ਨ ਸੰਬੰਧੀ ਅਭਿਆਸਾਂ ਵਿੱਚ **ਸ਼ਾਮਲ ਹੋ ਕੇ** ਕਿਸੇ ਕਰਮਚਾਰੀ ਵਿਰੁੱਧ **ਪ੍ਰਤੀਕੂਲ ਕਾਰਵਾਈਆਂ ਕਰਨਾ** ਗੈਰ-ਕਾਨੂੰਨੀ **ਹੈ।**

ਕਾਰਵਾਈ ਕਰਨਾ ਮੁਸ਼ਕਲ ਹੋ ਸਕਦਾ ਹੈ, ਪਰ ਕਾਨੂੰਨ ਤੁਹਾਡੀ ਰੱਖਿਆ ਕਰਦਾ ਹੈ।



## ਇਹ ਮਹੱਤਵਪੂਰਨ ਕਦਮ ਚੁੱਕ ਕੇ ਆਪਣੇ ਆਪ ਨੂੰ ਬਚਾਓ:

1. **ਨੋਟ ਕਰੋ:** ਇੱਕ ਸਮਾਂ-ਸੀਮਾ ਦੇ ਸਮੇਤ ਜੋ-ਜੋ ਵੀ ਹੋਇਆ, ਇਸ ਵਿੱਚ ਕੌਣ ਸ਼ਾਮਲ ਸੀ ਅਤੇ ਕੌਣ ਮੌਜੂਦ ਸੀ, ਧਮਕੀ ਕਦੋਂ ਅਤੇ ਕਿੱਥੇ ਦਿੱਤੀ ਗਈ ਇਹ ਸਭ ਲਿਖੋ।
2. **ਸਹਾਇਕ ਸਬੂਤ ਇਕੱਠੇ ਕਰੋ:** ਟੈਕਸਟ ਸੁਨੇਹੇ, ਵੌਇਸਮੇਲ, ਈਮੇਲ ਇਕੱਠੇ ਕਰੋ ਅਤੇ ਕਿਸੇ ਵੀ ਗਵਾਹ ਦੀ ਪਛਾਣ ਕਰੋ; ਉਨ੍ਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਨੋਟ ਕਰੋ।
3. **ਆਪਣੇ ਮਾਲਕ ਦੇ ਨਿਯਮਾਂ ਨੂੰ ਜਾਣੋ ਅਤੇ ਉਹਨਾਂ ਦੀ ਪਾਲਣਾ ਕਰੋ:** **ਜਿੰਨਾ ਚਿਰ ਉਹ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਨਹੀਂ ਕਰਦੇ** , ਇੱਕ ਮਾਲਕ ਕਈ ਕਾਰਨਾਂ ਕਰਕੇ ਕਿਸੇ ਕਰਮਚਾਰੀ ਨੂੰ ਨੌਕਰੀ ਤੋਂ ਕੱਢ ਸਕਦਾ ਹੈ, ਪਰ ਉਹਨਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਲਈ ਸਜ਼ਾ ਦੇਣ ਲਈ ਨਹੀਂ।
4. **ਹੋਰ ਜਾਣਕਾਰੀ ਪ੍ਰਾਪਤ ਕਰੋ:** ਇੱਕ ਵਰਕਰ ਸੰਗਠਨ ਤੁਹਾਨੂੰ ਤੁਹਾਡੇ ਅਧਿਕਾਰਾਂ ਅਤੇ ਤੁਸੀਂ ਅੱਗੇ ਕੀ ਕਰ ਸਕਦੇ ਹੋ, ਇਹ ਸਮਝਾਉਣ ਵਿੱਚ ਮਦਦ ਕਰ ਸਕਦਾ ਹੈ।
5. **ਮਦਦ ਲਓ:** ਇਮੀਗ੍ਰੇਸ਼ਨ ਧਮਕੀ ਦੀ ਰਿਪੋਰਟ ਲੇਬਰ ਕਮਿਸ਼ਨਰ ਦੇ ਦਫ਼ਤਰ ਨੂੰ ਕਰੋ। ਘਟਨਾ ਦੀ ਜਲਦੀ ਤੋਂ ਜਲਦੀ ਰਿਪੋਰਟ ਕਰਨਾ ਮਹੱਤਵਪੂਰਨ ਹੈ; ਨਹੀਂ ਤਾਂ, ਜੇਕਰ ਤੁਸੀਂ ਧਮਕੀ ਦੀ ਮਿਤੀ ਤੋਂ ਇੱਕ ਸਾਲ ਤੋਂ ਵੱਧ ਉਡੀਕ ਕਰਦੇ ਹੋ ਤਾਂ ਲੇਬਰ ਕਮਿਸ਼ਨਰ ਦਾ ਦਫ਼ਤਰ ਤੁਹਾਡੇ ਅਧਿਕਾਰਾਂ ਨੂੰ ਲਾਗੂ ਕਰਨ ਦੇ ਯੋਗ ਨਹੀਂ ਹੋ ਸਕਦਾ।

ਸ਼ਿਕਾਇਤ ਮਿਲਣ 'ਤੇ ਲੇਬਰ ਕਮਿਸ਼ਨਰ ਦਾ ਦਫ਼ਤਰ ਜਾਂਚ ਦੇ ਹਿੱਸੇ ਵਜੋਂ ਹੋਰ ਜਾਣਕਾਰੀ ਇਕੱਠੀ ਕਰਨ ਲਈ ਕਰਮਚਾਰੀ ਨਾਲ ਸੰਪਰਕ ਕਰੇਗਾ।

**ਅਸੀਂ ਕਦੇ ਵੀ ਇਮੀਗ੍ਰੇਸ਼ਨ ਸਟੇਟਸ ਬਾਰੇ ਨਹੀਂ ਪੁੱਛਾਂਗੇ ਅਤੇ ਸਾਰੀ ਨਿੱਜੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।**

### ਅਣਉਚਿਤ ਇਮੀਗ੍ਰੇਸ਼ਨ ਸੰਬੰਧੀ ਅਭਿਆਸਾਂ ਵਿੱਚ ਇਹ ਸ਼ਾਮਲ ਹਨ:

- ਅਸਲੀ ਜਾਪਦੇ ਪਛਾਣ ਅਤੇ ਰੁਜ਼ਗਾਰ ਦਸਤਾਵੇਜ਼ਾਂ ਨੂੰ ਮੰਨਣ ਤੋਂ ਇਨਕਾਰ ਕਰਨਾ।
- ਈ-ਵੈਰੀਫਾਈ ਦੀ ਦੁਰਵਰਤੋਂ ਅਜਿਹੇ ਤਰੀਕੇ ਨਾਲ ਕਰਨਾ ਜੋ ਕਾਨੂੰਨ ਦੁਆਰਾ ਜ਼ਰੂਰੀ ਨਹੀਂ ਹੈ।
- ਤੁਹਾਡੀ ਜਾਂ ਤੁਹਾਡੇ ਪਰਿਵਾਰ ਦੇ ਸ਼ੱਕੀ ਇਮੀਗ੍ਰੇਸ਼ਨ ਸਟੇਟਸ ਦੀ ਰਿਪੋਰਟ ਕਰਨ ਲਈ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਫ਼ੋਨ ਕਰਨ/ਬੁਲਾਉਣ ਦੀ ਧਮਕੀ ਦੇਣਾ।

### ਪ੍ਰਤੀਕੂਲ ਕਾਰਵਾਈਆਂ ਵਿੱਚ ਇਹ ਸ਼ਾਮਲ ਹਨ:

- ਤੁਹਾਨੂੰ ਨੌਕਰੀ ਤੋਂ ਕੱਢਣਾ।
- ਤੁਹਾਨੂੰ ਉਹ ਨਹੀਂ ਦੇਣਾ ਜੋ ਉਨ੍ਹਾਂ ਨੇ ਦੇਣਾ ਹੈ।
- ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਤੁਹਾਡੀ ਰਿਪੋਰਟ ਕਰਨ ਦੀ ਧਮਕੀ।

**ਲੇਬਰ ਕਮਿਸ਼ਨਰ ਦਾ ਦਫ਼ਤਰ**
LCO ਕਾਲ ਸੈਂਟਰ: 833-526-4636
ਈਮੇਲ: Retaliation@dir.ca.gov
ਵੈੱਬਸਾਈਟ: www.dir.ca.gov/dlse

DIR EST. 1927
State of California
Department of Industrial Relations